

ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ



## ✪ ਸੱਚੇ ਪਾਤਸ਼ਾਹ ਜੀ ਵਲੋਂ ਖਤਾਂ ਦੇ ਉਤਰ ਹਰਿ ਸੰਗਤ ਦੇ ਨਾਮ ✪

(ਹਰਚੰਦ ਸਿੰਘ ਦਾ ਭਰਾ ਜੋ ਕਿ ਮਿਲਟਰੀ ਵਿਚ ਸਰਵਸ ਕਰਦਾ ਸੀ, ਉਸ ਨੇ ਹਜ਼ੂਰ ਸ਼ਹਿਨਸ਼ਾਹ ਜੀ ਨੂੰ ਚਿਠੀ ਵਿਚ ਤਾਅਨੇ ਦਿਤੇ ਅਤੇ ਲਿਖਿਆ ਕਿ ਜਦੋਂ ਦਾ ਮੈਂ ਆਪ ਦੇ ਚਰਨਾਂ ਵਿਚ ਲੱਗਿਆ ਹਾਂ, ਮੇਰਾ ਹੱਥ ਘਾਟੇ ਵਲ ਨੂੰ ਜਾਂਦਾ ਹੈ, ਮੇਰੇ ਸਾਰੇ ਸਾਥੀ ਸੂਬੇਦਾਰ ਕੈਪਟਨ ਬਣੇ ਹੋਏ ਹਨ ।)

ਆਪ ਦਾ ਖ਼ਤ ਮਿਲਿਆ, ਧਨਵਾਦੀ ਹਾਂ । ਆਪ ਨੇ ਜੋ ਕੁਛ ਲਿਖਿਆ ਹੈ, ਸੋ ਠੀਕ ਹੈ । ਸਾਨੂੰ ਸੂਬੇਦਾਰੀਆਂ ਅਤੇ ਕਪਤਾਨੀਆਂ ਦੀ ਲੋੜ ਨਹੀਂ, ਅਤੇ ਨਾਹੀ ਅਸੀਂ ਏਹ ਲਾਲਚ ਦੇਂਦੇ ਹਾਂ ਜੀ । ਮਾਇਆ ਮੂਰਖਤਾ ਦਾ ਪਿਆਰ ਹੈ, ਗੁਰਮੁਖ ਕਦੇ ਸੰਸਾਰੀ ਵਸਤੂ ਦੇ ਅਧੀਨ ਨਹੀਂ ਹੁੰਦੇ । ਭਗਤ ਦੇ ਵਿਰੁਧ ਸਦਾ ਹੀ ਸੰਸਾਰ ਹੁੰਦਾ ਹੈ, ਪ੍ਰੰਤੂ ਓਹ ਆਪਣੀ ਮੰਜ਼ਲ ਨੂੰ ਸਿਧੇ ਜਾਂਦੇ ਹਨ । ਉਨ੍ਹਾਂ ਨੂੰ ਭੁੱਖ ਦੁੱਖ ਅਮੀਰੀ ਗਰੀਬੀ ਦੀ ਕੋਈ ਪਰਵਾਹ ਨਹੀਂ ਹੁੰਦੀ । ਇਕ ਆਪਣੇ ਮਾਲਕ ਨੂੰ ਮਿਲਣ ਦਾ ਚਾ ਹੁੰਦਾ, ਜਿਸ ਨੂੰ ਮਿਲ ਕੇ ਸਰਬ ਸੁੱਖਾਂ ਦਾ ਮਾਲਕ ਬਣ ਜਾਂਦਾ ਹੈ ਜੀ । ਮੇਰੇ ਵਲੋਂ ਆਪ ਨੂੰ ਸਤਿ ਸ੍ਰੀ ਅਕਾਲ ।

ਦਸਤਖ਼ਤ ਸੱਚੇ ਪਾਤਸ਼ਾਹ ਜੀ

★ ★ ★ ★ ★

## ★ ਪੂਨਾ ਹਰਿ ਸੰਗਤ ਨੂੰ ਸੱਚੇ ਪਾਤਸ਼ਾਹ ਜੀ ਵਲੋਂ ਉਨ੍ਹਾਂ ਦੇ ਖਤ ਦਾ ਉਤਰ ★

ਆਪ ਜੀ ਦਾ ਖ਼ਤ ਮਿਲ ਗਿਆ ਹੈ ਜੀ । ਆਪ ਨੇ ਕੋਈ ਫਿਕਰ ਨਾ ਕਰਨਾ ਜੀ । ਅਜੇ ਤੱਕ ਸਮਝ ਨਹੀਂ ਆਉਂਦੀ ਕਿਹ ਫੁਟ ਦਾ ਕਾਰਨ ਕੀ ਹੈ । ਕਿਉਂਕਿ ਥੋੜੀ ਸੰਗਤ ਰਾਸਤੇ ਬਹੁਤ, ਇਸਦਾ ਮਤਲਬ ਹੈ ਕਿ ਸਚ ਨਾਲ ਝੂਠ ਦਾ ਮੇਲ ਹੈ, ਜਿਹੜਾ ਦੋ ਧਾਰਾਂ ਕਰ ਦਿੰਦਾ ਹੈ । ਸੰਗਤ ਇਸਨੂੰ ਕਹਾ ਨਹੀਂ ਜਾ ਸਕਦਾ, ਜਿਸ ਸੰਗਤ ਕਰਨੇ ਮੇਂ ਸ਼ਾਤੀ ਨਾ ਹੋ । ਆਪ ਨੇ ਇਹ ਸਭ ਕੁਛ ਅੱਖੀਂ ਦੇਖਾ ਹੈ । ਆਪ ਨੂੰ ਮੈਂ ਇਸ ਵਾਤਸੇ ਲਿਖਾ ਹੈ ਕਿ ਜੋੜ ਮੇਲਾ ਨਾ ਕਰਿਆ ਕਰੋ ਜਿਸ ਵਿਚ ਦੁੱਖ ਕਲੇਸ਼ ਅਸ਼ਾਤੀ ਬਦਨਾਮੀ ਹੈ, ਉਸ ਕਾਰਜ ਨੂੰ ਕਰਨ ਦੀ ਲੋੜ ਨਹੀਂ । ਬਹੁਤ ਕੁਝ ਹੋ ਰਹਾ ਹੈ ਜੀ । ਐਸੀ ਭਾਵਨਾ ਦਾ ਜੋੜ ਮੇਲਾ ਕਿਸੀ ਵੀ ਪ੍ਰਕਾਰ ਮਨਜ਼ੂਰ ਨਹੀਂ ਹੈ ਜੀ, ਖਾਹ ਰੋਜ਼ ਕਿਉਂ ਨਾ ਕਰੋ । ਮਨਜ਼ੂਰ ਹੈ ਪ੍ਰੇਮ ਭਾਵਨਾ ਜੀ । ਮੇਰੇ ਵਲੋਂ ਸਰਬ ਨੂੰ ਸਤਿ ਸ੍ਰੀ ਅਕਾਲ ਪਰਵਾਨ ਹੋਵੇ ਜੀ ।

ਹਜ਼ੂਰ ਸੱਚੇ ਪਾਤਸ਼ਾਹ ਜੀ ਦੇ ਦਸਤਖ਼ਤ

★ ★ ★ ★ ★

੧੯-੫-੧੯੫੫

''ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ'' ਸ਼ਬਦ ਸਿਰਫ਼ ਇਤਨਾ ਹੀ ਹੈ ਮਗਰ ਰਹਿਤ ਕਠਿਨ ਹੈ ਜੀ । ਮਾਸ ਸ਼ਰਾਬ ਤਜੌਣਾ, ਜਗਤ ਦੇ ਮੇਹਣੇ ਝੱਲਣੇ, ਲੋਕ ਲੱਜਿਆ ਤਿਆਗਣੀ, ਆਤਮ ਸੁਰਤ ਸ਼ਬਦ ਦਾ ਮੇਲ ਕਰਕੇ ਜਗੌਣੀ ।

ਹਜ਼ੂਰ ਸੱਚੇ ਪਾਤਸ਼ਾਹ ਜੀ ਦੇ ਦਸਤਖ਼ਤ

★ ★ ★ ★ ★

★ ★ ★ ★ ★

## ★ ਇਟਾਰਸੀ ਹਰਿ ਸੰਗਤ ਨੂੰ ਪੱਤਰ ਦਾ ਉਤਰ ★

੨੫-੪-੫੯

ਸਤਿ ਸ੍ਰੀ ਅਕਾਲ ਆਪ ਕਾ ਖ਼ਤ ਮਿਲ ਗਿਆ ਹੈ । ਤਮਾਮ ਅਹਿਵਾਲ ਪੜ੍ਹ ਕਰ ਬਹੁਤ ਖ਼ੁਸ਼ੀ ਹੂਈ ਹੈ । ਔਰ ਜੋ ਆਪ ਨੇ ਆਪਣੇ ਦਿਲ ਕੀ ਤਮੰਨਾ ਪਰਗਟ ਕੀ ਹੈ, ਵੋਹ ਬਿਲਕੁਲ ਠੀਕ ਹੈ । ਆਪ ਕੀ ਬੇਨਤੀ ਪਰਵਾਨ ਹੂਆ ਕਰੇਗੀ ਜੀਓ । ਆਪ ਨੇ ਕੋਈ ਫ਼ਿਕਰ ਨਾ ਕਰਨਾ ਜੀਓ, ਔਰ ਪੈਡ ਜਿਸ ਤਰ੍ਹਾਂ ਆਪ ਕੀ ਮਰਜ਼ੀ ਹੋਵੇ ਉਸੀ ਤਰਾਂ ਛਪਵਾ ਕਰ ਭੇਜ ਦੇਣਾ ਜੀਓ । ਔਰ ਟੋਪਨ ਕੀ ਬਾਬਤ ਪਤਾ ਚਲ ਗਿਆ ਹੈ, ਔਰ ਹਮ ਭੀ ਦੇਹਲੀ ਮਈ ਕੇ ਮਹੀਨੇ ਆਏਂਗੇ ਜੀਓ । ਔਰ ਇਟਾਰਸੀ ਮੇਂ ਜਿਸ ਵਕਤ ਸਮਾਂ ਮਿਲਾ, ਜ਼ਰੂਰ ਆਵੇਂਗੇ ਔਰ ਦਰਸ਼ਨ ਆਪ ਕੇ ਕਰੇਂਗੇ ਜੀਓ । ਬਾਕੀ ਖ਼ਰਬੂਜਾ ਭੇਜਨੇ ਕੀ ਆਪ ਇਤਨੀ ਤਕਲੀਫ਼ ਕਿਉਂ ਕਰਤੇ ਰਹਿਤੇ ਹੋ ਜੀਓ । ਬਾਕੀ ਜੰਗਲ ਕਾ ਕਾਮ ਅਗਰ ਅੱਛਾ ਮਿਲ ਸਕਤਾ ਹੈ ਤੋ ਆਪ ਜ਼ਰੂਰ ਕਰਨਾ ਜੀਓ । ਅਗਰ ਆਪ ਕੋ ਮਦਦ ਕੇ ਲੀਏ ਆਦਮੀਉਂ ਕੀ ਜਰੂਰਤ ਹੋਗੀ ਤੋ ਭੇਜ ਦੇਵੇਂਗੇ ਜੀਓ, ਔਰ ਦੁਕਾਨ ਕਾ ਭੀ ਕਾਮ ਵੀ ਇਸੀ ਤਰਾਂ ਚਲਾਈ ਜਾਣਾ ਜੀਓ । ਕਿਉਂਕਿ ਜਬ ਭੀ ਹਾਲਾਤ ਦਾ ਅੰਤਰ ਹੂਆ ਤੋ ਇਸ ਜਗਾ ਹੋਣਾ ਹੈ ਜਿਸ ਜਗਾ ਪਰ ਹਮ ਹੈ । ਆਪ ਬੇਫ਼ਿਕਰ ਹੋ ਕਰ ਰਹਿਣਾ, ਕਭੀ ਵਕਤ ਆਵੇਗਾ ਕਿ ਆਪਨੇ ਪਾਸ ਸੰਗਤ ਕਾ . . . . . . . . . . . . . . . . . . . .
. . . . ਮਗਰ ਯੇ ਸਭ ਕੁਛ ਅਭੀ ਪੜਦੇ ਮੇਂ ਹੈ । ਗੁੜਗਾਉਂ ਕੇ ਊਪਰ ਵਾਲਾ ਇਲਾਕਾ ਸੇਫ਼ ਹੈ ਔਰ ਯੇ ਤੋ ਪਹਿਲੀ ਲਿਖਤ ਹੁਈ ਹੈ । ਆਪ ਤੋ ਹਿੰਦੋਸਤਾਨ ਕੇ ਸੈਂਟਰ ਮੇਂ ਹੋ ਔਰ ਹਿੰਦ ਕੇ ਮਾਲਕ ਹੋ । ਕਿਸੀ ਕਿਸਮ ਦਾ ਫ਼ਿਕਰ ਨਾ ਕਰਨਾ, ਹਰ ਪ੍ਰਕਾਰ ਰੱਖਿਆ ਸਹਾਇਤਾ ਔਰ ਬਖ਼ਸ਼ਸ਼ ਹੋਗੀ । ਔਰ ਜੰਗਲਾਤ ਕੇ ਕਾਮ ਬਾਰੇ ਤਫ਼ਸੀਲ ਦੇਣੀ ਕਿ ਕਿਆ ਕਾਮ ਔਰ ਕਿਸ ਕਿਸਮ ਕਾ ਹੋਗਾ ਲੱਕੜੀ ਕਾਟਨੇ ਕਾ । ਬਾਕੀ ਮੇਰੀ ਤਰਫ਼ ਸੇ ਔਰ ਸਭ ਸੰਗਤ ਕੀ ਤਰਫ਼ ਸੇ ਸੰਗਤ ਔਰ ਬਾਲ ਬੱਚੋਂ ਕੋ ਬਹੁਤ ਪਿਆਰ ।

ਦਸਤਖ਼ਤ ਹਜ਼ੂਰ ਸੱਚੇ ਪਾਤਸ਼ਾਹ ਜੀ

★ ★ ★ ★ ★

★ ★ ★ ★ ★

ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ

(ਇਹ ਮਹਾਨ ਵਿਹਾਰ ਜ਼ਿਲਾ ਅੰਮ੍ਰਿਤਸਰ ਤਹਸੀਲ ਤਰਨ ਤਾਰਨ ਪਿੰਡ ਸਾਹਬਾਜ ਪੁਰ ਵਿਖੇ ਸ੍ਰੀ ਗੁਰੂ ਅਰਜਨ ਦੇਵ ਜੀ ਪੰਜਵੇਂ ਪਾਤਸ਼ਾਹ ਜੀ ਦੇ ਸਮੇਂ ਸ੍ਰੀ ਭਗਤ ਸਿੰਘ ਅਤੇ ਸ੍ਰੀ ਜਸਵੰਤ ਸਿੰਘ ਜੀ ਨਾਲ ਵਾਪਰਿਆ ਜਦੋਂ ਕਿ ਸ੍ਰੀ ਭਗਤ ਸਿੰਘ ਉਸ ਵਕਤ ਸੰਮਣ ਅਤੇ ਸ੍ਰੀ ਜਸਵੰਤ ਸਿੰਘ ਜੀ ਮੂਸਣ ਸਨ । ਪਿੰਡ ਸਾਹਬਾਜਪੁਰ ਵਿਖੇ ਹੀ ਸੰਮਣ ਨੇ ਮੂਸਣ ਦਾ ਸਿਰ ਦੇ ਕੇ ਸੰਗਤ ਨੂੰ ਪ੍ਰਸ਼ਾਦਿ ਛਕਾਇਆ ਸੀ । ਹਜ਼ੂਰ ਸੱਚੇ ਪਾਤਸ਼ਾਹ ਜੀ ਨੇ ਉਨ੍ਹਾਂ ਨੂੰ ਆਪਣੇ ਪਵਿੱਤਰ ਕਰ ਕਮਲਾਂ ਨਾਲ ਪੱਤਰ ਲਿਖਿਆ ਅਤੇ ਉਨਾਂ ਦਾ ਪਿਛਲਾ ਪਰਦਾ ਹੀ ਖੋਲ੍ਹ ਕੇ ਲਿਖ ਦਿਤਾ ਹੈ ਜੀਓ । ਸੋ ਇਸ ਪ੍ਰਕਾਰ ਹੈ ਜੀਓ :)

੨੧-੫-੧੯੫੯

ਜੇਠੂਵਾਲ ਦੀ ਤਰ੍ਹਾਂ ਇਟਾਰਸੀ ਨੂੰ ਕੁਛ ਸਮੇਂ ਭਾਗ ਲਗੇਗਾ ਜੀ । ਅੱਗੇ ਲਿਖਤ ਦੱਸਣ ਤੋਂ ਬਾਹਰ ਵਾਲੀ ਗੱਲ ਹੈ । ਆਪ ਜੀ ਦਾ ਲੰਗਰ ਸਰਬ ਸੰਗਤ ਦਾ ਭੰਡਾਰ ਬਣੇਗਾ ਜੀਓ । ਕਦੀ ਵਕਤ ਸੀ ਸੰਮਣ ਮੂਸਣ ਦਾ ਸਿਰ ਦੇ ਕੇ ਪ੍ਰਸ਼ਾਦਿ ਛਕਾਇਆ ਸੀ । ਅੱਜ ਉਸ ਸਿਰ ਦੀ ਕੀਮਤ ਪੈਣ ਦਾ ਸਮਾਂ ਆਇਆ ਹੈ । ਪਰੰਤੂ ਇਹ ਲਫ਼ਜ਼ ਲਿਖਣ ਲੱਗਿਆਂ ਮੇਰੇ ਅਥਰੂ ਬਹਿ ਗਏ, ਕਿ ਗੁਰਸਿਖਾਂ ਦਾ ਪਿਛਲਾ ਕਰਜ਼ਾ ਕਿਸ ਤਰਾਂ ਉਤਾਰਨਾ ਹੈ । ਜਿਨ੍ਹਾਂ ਨੇ ਆਪਣੇ ਸਿਰ ਨਾਲੋਂ ਪਿਆਰਾ ਲੰਗਰ ਸਮਝਿਆ । ਇਹ ਕੌਤਕ ਸਤਿਜੁਗ ਦੀ ਧਾਰ ਪਿਛਲਾ ਪਿਆਰ ਅਗੇ ਦੇ ਉਧਾਰ ਹੈ ਜੀ । ਮੈਂ ਗਰੀਬ ਸਾਮੀ ਹਾਂ । ਭਗਤ ਸਿੰਘ ਦੇ ਪਰੀਵਾਰ ਦਾ ਜਨਮ ਜਨਮ ਦਾ ਕਰਜ਼ਾ ਜ਼ਰੂਰ ਉਤਾਰਾਂਗਾ । ਮੇਰੇ ਪਿਛਲੇ ਸ਼ਾਹ, ਹੌਲੀ ਹੌਲੀ ਵਸੂਲ ਕਰਨਾ । ਸਮੇਂ ਨਾਲ ਕਿਸਤ ਮਿਲਦੀ ਰਹੇਗੀ । ਜਸਵੰਤ ਹੁਣ ਲਿਖਣ ਦੀ ਤਾਕਤ ਨਹੀਂ, ਆਪ ਜੀ ਦੇ ਪਿਛਲੇ ਜਨਮ ਕਰਮ ਦੇ ਕਰਤਬ ਅੱਖਾਂ ਅੱਗੇ ਨਾਚ ਕਰਦੇ ਹਨ । ਹੋਰ ਨਾ ਪੁਛ ਨਾ ਪੁਛ ਨਾ ਪੁਛ, ਤੇਰਾ ਦੇਣਾ ਬੜਾ ਹੈ, ਮੈਂ ਆਪ ਦਾ ਕਰਜ਼ਾਈ ਹਾਂ ।

ਸੱਚੇ ਪਾਤਸ਼ਾਹ ਜੀ ਦੇ ਦਸਤਖ਼ਤ

★ ★ ★ ★ ★

★ ★ ★ ★ ★

## ★ ਜਸਵੰਤ ਸਿੰਘ ਜੀ (ਇਟਾਰਸੀ ਹਰਿ ਸੰਗਤ) ਨੂੰ ਪੱਤਰ ਦਾ ਉਤਰ ★

ਆਪ ਜੀ ਦੀ ਉਚ ਵਿਸ਼ੇਸ਼ਤਾ ਅਤੇ ਪੂਰਬ ਪਿਆਰ ਭਰਿਆ ਪੱਤਰ ਪੁੱਜਾ ਜਿਸ ਨੂੰ ਪੜ੍ਹ ਕੇ ਬੜੀ ਖ਼ੁਸ਼ੀ ਹੋਈ ਅਤੇ ਮੈਂ ਆਪ ਜੀ ਦਾ ਅਤੀ ਧਨਵਾਦੀ ਹਾਂ । ਆਪ ਜੀ ਨੇ ਜੋ ਕੁਛ ਪੁਛਿਆ ਹੈ ਇਹ ਮਮੂਲੀ ਗੱਲਾਂ ਹਨ । ਗਿਆਨੀ ਪੁਰਸ਼ ਪਰਮਾਤਮਾ ਦੀ ਖੋਜ ਵਿਚ ਹੁੰਦਾ ਹੈ । ਸਤਿਜੁਗ ਕਲਜੁਗ ਦਾ ਜ਼ਿਮੇਵਾਰ ਆਪ ਈਸ਼ਵਰ ਹੈ, ਆਪ ਸਮਝਦਾਰ ਹੋ । ਸਤਿਜੁਗ ਦਾ ਸਾਚਾ ਸਰੋਵਰ ਪੂਰੇ ਸਤਿਗੁਰ ਨਿਰਗੁਣ ਸਰੂਪ ਦੇ ਚਰਨਾਂ ਵਿਚ ਹੋ ਗਿਆ ਹੈ ਜੀ ।

ਆਪ ਹੈਰਾਨ ਹੋਵੋਗੇ ਕਿ ਨਿਰਗੁਣ ਦੇ ਚਰਨ ਕਿਥੇ ਹਨ । ਪ੍ਰੰਤੂ ਇਹ ਸ਼ਬਦ ਦਾ ਉਤਰ, ਬੀਬੀ ਹਰਨਾਮ ਕੌਰ ਤੋਂ ਪੁਛ ਲੈਣਾ ਜੀ । ਹੁਣ ਤਾਂ ਸਮਾਂ ਐਸਾ ਆ ਰਿਹਾ ਹੈ ਪਹਿਲੇ ਸਰੋਵਰ ਹੀ ਮਿਟ ਰਹੇ ਹਨ । ਸੱਚਾ ਸਰੋਵਰ ਹਰ ਪ੍ਰਾਣੀ ਵਾਸਤੇ ਉਸ ਦੇ ਕਾਇਆ ਮੰਦਰ ਵਿਚ ਹੈ । ਇਸ ਤੋਂ ਵੱਡਾ ਸਰੋਵਰ ਹੋਰ ਕੋਈ ਨਹੀਂ ਹੈ ਜੀ । ਕੀ ਆਪ ਨੇ ਆਪਣੇ ਸਰੋਵਰ ਨੂੰ ਲੱਭਣ ਦੀ ਜੁਗਤੀ, ਬੀਬੀ ਜੀ ਤੋਂ ਪ੍ਰਾਪਤ ਕੀਤੀ ਨਹੀਂ ? ਅਗਰ ਇਸ ਸਰੋਵਰ ਵਿਚ ਨਹਾਂ ਕੇ, ਕਾਗ ਹੰਸ ਰੂਪ ਬਣ ਗਏ, ਫਿਰ ਆਪ ਨੂੰ ਆਪਣੇ ਆਪ ਹੀ ਗਿਆਨ ਆ ਜਾਵੇਗਾ, ਸਰੋਵਰ ਕੀ ਵਸਤੂ ਹੈ ਅਤੇ ਇਸ ਸੱਚੇ ਸਰੋਵਰ ਨੂੰ ਕੌਣ ਬਣਾ ਸਕਦਾ ਹੈ ਕਿਸੇ ਜੀਵ ਆਤਮਾ ਦੀ ਤਾਕਤ ਨਹੀਂ ਜੁਗ ਦੀ ਧਾਰ ਬਦਲ ਦੇਣੀ, ਸਭ ਤੋਂ ਵੱਡੀ ਗਲ ਹੈ ਜੀ । ਅਗਰ ਬੀਬੀ ਜੀ ਤੋਂ ਨੇੜੇ ਪੁਛੋਗੇ ਤੇ ਤੁਹਾਨੂੰ ਛੇਤੀ ਦੱਸ ਦੇਣਗੇ, ਬਾਕੀ ਫਿਰ ਪੁਛ ਲੈਣਾ । ਅਗਰ ਆਪ ਜੀ ਨੂੰ ਬੀਬੀ ਹਰਨਾਮ ਕੌਰ ਨਾ ਦੱਸਣ, ਤਾਂ ਟੋਪਨ ਰਾਮ ਤੋਂ ਪੁਛ ਲੈਣਾ ਕਿ ਸਤਿਜੁਗ ਕਦੋਂ ਲਗੇਗਾ । ਇਹੋ ਹੀ ਆਪ ਨੂੰ ਦੱਸ ਦੇਣਗੇ । ਸਰੋਵਰ ਦਾ ਸਤਿਜੁਗ ਨਾਲ ਕੋਈ ਸਬੰਧ ਨਹੀਂ । ਇਹ ਚਿੱਠੀ ਟੋਪਨ ਰਾਮ ਨੂੰ ਦੇ ਦੇਣੀ ।

ਹਜ਼ੂਰ ਸੱਚੇ ਪਾਤਸ਼ਾਹ ਜੀ ਦੇ ਦਸਤਖ਼ਤ

★ ★ ★ ★ ★

★ ★ ★ ★ ★

## ★ ਜਸਵੰਤ ਸਿੰਘ ਜੀ (ਇਟਾਰਸੀ ਹਰਿ ਸੰਗਤ) ਨੂੰ ਉਸ ਦੇ ਪੱਤਰ ਦਾ ਉਤਰ ★

ਜਸਵੰਤ ਚਿੰਤਾ ਦੀ ਕੋਈ ਲੋੜ ਨਹੀਂ ਅਤੇ ਨਾ ਹੀ ਕਰਨੀ । ਜਬ ਮੇਰਾ ਨਾਤਾ ਆਪ ਨਾਲ ਹੈ ਫਿਰ ਕਿਸੇ ਦੇ ਸਹਾਰੇ ਉਤੇ ਰਹਿਣ ਦੀ ਲੋੜ ਨਹੀਂ । ਆਪ ਨੇ ਆਪਣੇ ਪ੍ਰੇਮ ਪਿਆਰ ਵਿਚ ਮਸਤ ਰਹਿਣਾ ਜੀ ਅਤੇ ਇਟਾਰਸੀ ਦੀ ਸੰਗਤ ਕਦੇ ਜਬਾਨੀ ਬਦਨਾਮ ਨਹੀਂ ਹੋ ਸਕਦੀ, ਜਿਨ੍ਹਾਂ ਦਾ ਨਾਮ ਧੁਰ ਦੀ ਧਾਰ ਅਤੇ ਪ੍ਰੇਮ ਪਿਆਰ ਦੀ ਕਲਮ ਨਾਲ ਲਿਖਿਆ ਗਿਆ ਹੈ । ਗੁਰਸਿਖ ਨੂੰ ਗੁਰਸਿਖ ਨਾਲ ਪਿਆਰ ਕਰਨਾ ਸੰਸਾਰੀ ਹੈ । ਪ੍ਰੰਤੂ ਸਾਹਿਬ ਨਾਲ ਪਿਆਰ ਕਰਨਾ ਆਤਮ ਪਰਮਾਤਮ ਦਾ ਨਾਤਾ ਹੈ ਜੇਹੜਾ ਐਥੇ ਓਥੇ ਟੁਟ ਨਹੀਂ ਸਕਦਾ, ਸਾਰਾ ਸੰਸਾਰ ਰੁਸ ਜਾਵੇ ਲੜ ਪਵੇ ਵੈਰੀ ਹੋ ਜਾਵੇ, ਪਰੰਤੂ ਇਕ ਨਾ ਵਿਸਰੇ, ਜਿਸ ਦਾ ਲੇਖਾ ਲਿਖਤ ਵਿਚ ਨਹੀਂ ਹੈ । ਆਪ ਦੇ ਸਿਰ ਤੇ ਸਤ ਦਾ ਤਾਜ ਹੈ ਅਤੇ ਆਪ ਇਟਾਰਸੀ ਸੰਗਤ ਦੇ ਮੁਖ ਹੋ । ਮੈਂ ਵੀ ਆਪ ਦੇ ਅਧੀਨ ਹਾਂ ਅਤੇ ਜੋ ਕੁਝ ਤੇਰਾ ਫ਼ਰਮਾਣ ਹੋਵੇ ਮੈਨੂੰ ਸਵੀਕਾਰ ਕਰਨਾ ਪੈਂਦਾ ਹੈ । ਜਸਵੰਤ ਅਗਰ ਤੇਰਾ ਜਸ ਮੇਰੀ ਜ਼ਬਾਨ ਕਲਮ ਸ਼ਾਹੀ ਕਰਦੀ ਹੈ ਬਾਕੀ ਕਿਸ ਦੀ ਲੋੜ ਹੈ । ਆਪ ਨੇ ਕਦੇ ਚਿੰਤਾ ਵਿਚ ਨਾ ਆਉਣਾ । ਇਟਾਰਸੀ ਸੰਗਤ ਮੇਰਾ ਅੰਗ ਹੈ, ਮੇਰਾ ਖੂਨ ਹੈ, ਮੇਰਾ ਪਿਆਰ ਹੈ, ਮੇਰਾ ਵਿਹਾਰ ਹੈ ਅਤੇ ਸਚ ਪੁਛ ਤੇ ਜਸਵੰਤ ਪੂਰਬਲੇ ਜਨਮ ਦਾ ਯਾਰ ਮਿੱਤਰ ਅਧਾਰੀ ਅਪਾਰ ਹੈ । ਇਸ ਵਾਸਤੇ ਮੈਂ ਆਪ ਦਾ ਜ਼ਾਮਨ ਹਾਂ ਅਤੇ ਗਵਾਹ ਵੀ ਪੱਕਾ ਹਾਂ । ਜਿਸ ਦੀ ਸ਼ਹਾਦਤ ਬਦਲ ਨਹੀਂ ਸਕਦੀ ਅਤੇ ਆਪ ਨੇ ਕੋਈ ਚਿੰਤਾ ਨਹੀਂ ਕਰਨੀ । ਬੀਬੀ ਹਰਬੰਸ ਕੌਰ ਠੀਕ ਹੋ ਆਵੇਗੀ । ਬੱਚਿਆਂ ਨੂੰ ਪਿਆਰ ।

ਹਜ਼ੂਰ ਸੱਚੇ ਪਾਤਸ਼ਾਹ ਜੀ ਦੇ ਦਸਤਖ਼ਤ

★ ★ ★ ★ ★

★ ★ ★ ★ ★

## ★ ਸੁਰਿੰਦਰ ਸਿੰਘ ਜੀ (ਇਟਾਰਸੀ ਹਰਿ ਸੰਗਤ) ਨੂੰ ਪੱਤਰ ਦਾ ਉਤਰ ★

੩੦-੧-੧੯੬੧

ਸੁਰਿੰਦਰ ਜੀਓ, ਸਤਿ ਸ੍ਰੀ ਅਕਾਲ, ਆਪ ਕਾ ਖ਼ਤ ਮਿਲਾ, ਅਹਿਵਾਲ ਸੇ ਅਗਾਹੀ ਹੂਈ । ਆਪ ਨੇ ਜੋ ਕੁਛ ਤਹਿਰੀਰ ਫ਼ਰਮਾਇਆ ਦਰੁਸਤ ਹੈ, ਬਹੁਤ ਖ਼ੁਸ਼ੀ ਕਾ ਵਕਤ ਹੈ, ਜੋ ਕਿ ਇਟਾਰਸੀ ਸੰਗਤ ਯਾਦ ਕਰਤੀ ਹੈ ਔਰ ਕਰਤੀ ਰਹੇਗੀ, ਯੇਹ ਪਿਆਰ ਨਹੀਂ ਪੂਰਬ ਕਾ ਰਿਸ਼ਤਾ ਚਲ ਰਹਾ ਹੈ ਔਰ ਚਲਾ ਜਾਵੇਗਾ । ਕੌਣ ਕਹੇਂ ਤੁਮ ਮੇਰੇ ਥੇ ਔਰ ਮੈਂ ਤੁਮਹਾਰਾ ਥਾ ਔਰ ਅਬ ਫਿਰ ਹੂਆ । ਆਪ ਪਰ ਬਹੁਤ ਕਿਰਪਾ ਨਹੀਂ ਕੀ ਬਲਕਿ ਆਪ ਕਾ ਕਰਜ਼ ਭੀ ਨਹੀਂ ਉਤਰਾ । ਅਭੀ ਤੱਕ ਜੁਗ ਪਰਵਾਨ ਚੜ੍ਹਾਇਆ ਹੈ । ਬਾਕੀ ਜਸਵੰਤ ਕੀ ਬਾਤ ਕਿਆ ਲਿਖੂੰ । ਤੀਨ ਦਫ਼ਾ ਪਿਤਾ ਪੂਤ ਕਾ ਰਿਸ਼ਤਾ ਬਣ ਚੁਕਾ ਹੈ ਦੋ ਦਫ਼ਾ ਅੱਗੇ ਭੀ ਬਣੇਗਾ । ਮੈਂ ਇਟਾਰਸੀ ਵਾਲੋਂ ਕਾ ਨਹੀਂ ਹੂੰ ਮਗਰ ਇਟਾਰਸੀ ਵਾਲੇ ਮੇਰੇ ਜ਼ਰੂਰ ਹੈਂ । ਇਸ ਕਾ ਭਾਵ ਕਿ ਪੂਰਬ ਜਨਮ ਨਹੀਂ ਜਾਣ ਸਕਤੇ . . . . . . . . . . . . . . . . . . . . ਬੀਬੀ ਅਮਰਜੀਤ ਕੌਰ ਕਾ ਫ਼ਿਕਰ ਨਾ ਕਰਨਾ ਜੀਓ । ਉਨ ਪਰ ਦਇਆ ਹੈ ਔਰ ਹੂਈ । ਮੇਰੀ ਤਰਫ਼ ਸੇ ਸਭ ਪਰੀਵਾਰ ਕੋ ਸਤਿ ਸ੍ਰੀ ਅਕਾਲ । ਆਪ ਕੋ ਸਤਿ ਸ੍ਰੀ ਅਕਾਲ, ਟੋਪਨ ਰਾਮ ਆਪ ਕੋ ਪਿਆਰ ।

★ ★ ★ ★ ★

੩੧-੭-੧੯੫੩

ਜਨ ਭਗਤ ਦੁੱਖ ਭੁੱਖ ਚਿੰਤਾ ਗ਼ਮੀ ਗਰੀਬੀ ਤਾਹਨੇ ਮੇਹਣੇ ਸੇ ਕਦੀ ਨਹੀਂ ਡਰਦੇ ਆਪਣੇ ਰੰਗ ਵਿਚ ਰਤੇ ਰਹਿੰਦੇ ਹਨ ।

ਹਜ਼ੂਰ ਸੱਚੇ ਪਾਤਸ਼ਾਹ ਜੀ ਦੇ ਦਸਤਖ਼ਤ

★ ★ ★ ★ ★

★ ★ ★ ★ ★

★ ਟੋਪਨ ਜੀ (ਇਟਾਰਸੀ ਹਰਿ ਸੰਗਤ) ਨੂੰ ਉਸ ਦੇ ਪੱਤਰ ਦਾ ਉਤਰ ★

ਟੋਪਨ ਜੀਓ, ਆਪ ਕਾ ਖ਼ਤ ਮਿਲ ਗਿਆ ਹੈ । ਫਿਕਰ ਨਾ ਕਰਨਾ । ਕਿਆ ਘਬਰਾ ਗਏ । ਕਿਆ ਰਾਮ ਨੇ ਬਣਬਾਸ ਨਹੀਂ ਕਾਟਾ ਥਾ । ਟੋਪਨ ਜੀ ਡਰੋ ਮਤ । ਘਬਰਾਓ ਨਹੀਂ ਸਭ ਕੁਛ ਆਪ ਕਾ ਹੈ ਔਰ ਹੋਵੇਗਾ । ਟੋਪਨ ਭਿਖਾਰੀ ਨਹੀਂ ਬਲਕਿ ਦਾਤਾ ਹੈ । ਦਰਵੇਸ ਨਹੀਂ ਨਰੇਸ਼ ਹੈ । ਮੁਫ਼ਲਿਸ ਨਹੀਂ ਸ਼ਾਹ ਹੈ । ਫ਼ਕੀਰ ਨਹੀਂ ਪੀਰ ਹੈ । ਆਤਮਾ ਨਹੀਂ ਪਰਮਾਤਮਾ ਹੈ । ਛੋਟਾ ਨਹੀਂ ਬੜਾ ਹੈ । ਮੈਂ ਆਪ ਕੋ ਕੌਣ ਸਾ ਰੂਪ ਦੂੰ ਕਿ ਆਪ ਕਿਆ ਹੋ । ਮਗਰ ਕੁਛ ਭੀ ਨਾ ਹੋ । ਮਗਰ ਮੇਰਾ ਮੇਰੇ ਦਾਤੋ ਜ਼ਰੂਰ ਹੋ । ਜਬ ਮੈਂ ਹੀ ਆਪ ਕਾ ਹੋ ਗਿਆ, ਬਾਕੀ ਕਿਆ ਹੈ । ਟੋਪਨ ਗੁਜਾਰਾ ਚਲੇਗਾ ਔਰ ਚਲਤਾ ਰਹੇਗਾ । ਸਭ ਕੁਛ ਹੋ ਜਾਵੇਗਾ । ਮਗਰ ਜੋ ਆਪ ਕਾ ਦਰਜਾ ਹੈ ਕਿਸੀ ਚਤਰਵਰਤੀ ਕਾ ਭੀ ਨਹੀਂ ਹੈ । ਮੇਰੀ ਤਰਫ਼ ਸੇ ਪਿਆਰ । ਅਰਜਨ ਮੇਰੇ ਪਾਸ ਹੀ ਹੈ ।

੨੫-੩-੧੯੫੪

★ ★ ★ ★ ★

ਸ਼ਬਦ ਗੁਰਸਿਖਾਂ ਦੀ ਦਾਤ ਹੈ ਅਤੇ ਇਹਨਾਂ ਨੂੰ ਹੀ ਪ੍ਰਾਪਤ ਹੁੰਦੀ ਹੈ ਜੀ । ਤੁਹਾਡੇ ਵਾਸਤੇ ਹੀ ਧੁਰਦਰਗਾਹੀ ਸੁਗਾਤ ਆਈ ਹੈ । ਬਾਕੀ ਸੰਸਾਰ ਗੂੜ੍ਹੀ ਨੀਂਦ ਵਿਚ ਸੁੱਤਾ ਹੈ ਜੀ ।

ਹਜ਼ੂਰ ਸੱਚੇ ਪਾਤਸ਼ਾਹ ਜੀ ਦੇ ਦਸਤਖ਼ਤ

★ ★ ★ ★ ★

★ ★ ★ ★ ★

## ★ ਸੱਚੇ ਪਾਤਸ਼ਾਹ ਜੀ ਵਲੋਂ ਭਾਈਆ ਬਿਸ਼ਨ ਸਿੰਘ ਦੇ ਪੱਤਰ ਦਾ ਉਤਰ ★

ਆਪ ਜੀ ਦਾ ਪੱਤਰ ਪੁੱਜਾ ਧਨਵਾਦੀ ਹਾਂ ਜੀਓ । ਆਪ ਨੇ ਜੋ ਕੁਛ ਲਿਖਿਆ ਹੈ ਜੀ, ਕੋਈ ਸੰਦੇਹ ਨਹੀਂ । ਆਪ ਜੀ ਦਾ ਨਾਤਾ ਵਿਧਾਤਾ ਦਾ ਅੰਤਰ ਜੋੜ ਹੈ ਜੀਓ । ਜਿਸ ਦੀ ਕੋਈ ਮਿਸਾਲ ਸੰਸਾਰ ਵਿਚ ਨਹੀਂ ਮਿਲਦੀ ਕਲਮ ਵੀ ਲਿਖ ਨਹੀਂ ਸਕਦੀ । ਇਹ ਲੇਖਾ ਲਿਖਣ ਤੋਂ ਬਾਹਰ ਹੈ । ਬੁਧੀ ਲਿਖਣ ਤੋਂ ਅਸਮਰਥ ਹੈ ਜੀਓ । ਤੁਸੀਂ ਇਸ ਸਮੇਂ ਸੰਸਾਰ ਵਿਚ ਜਨਮ ਨਾ ਲੈਂਦੇ, ਤਾਂ ਈਸ਼ਵਰ ਨੂੰ ਸਵਾਂਗ ਰਚਨ ਦੀ ਲੋੜ ਨਾ ਪੈਂਦੀ ਆਪ ਜੀ ਦਾ ਪੂਰਬਲਾ ਕਰਜ਼ਾ ਉਤਾਰਨ ਵਾਸਤੇ ਅਤੇ ਸੰਸਾਰ ਦੀ ਨਵੀਂ ਮਰਯਾਦਾ ਨੂੰ ਕਾਇਮ ਕਰਨ ਵਾਸਤੇ ਆਪ ਤੋਂ ਬਗੈਰ ਹੋਰ ਸਰਗੁਣ ਰੂਪ ਵਿਚ ਵਸਤੂ ਵੀ ਕੇਹੜੀ ਹੈ ਜੀਓ । ਇਸ ਸਮੇਂ ਇਸ ਜਾਮੇਂ ਵਿਚ ਨਿਰਗੁਣ ਦਾ ਸੱਚਾ ਸਰੂਪ ਸਰਗੁਣ ਸਰੂਪੀ ਆਪ ਸੱਚੇ ਗੁਰਮੁਖ ਹੋ ਜੀ ਜਿਨ੍ਹਾਂ ਦੇ ਪ੍ਰੇਮ ਨਾਲ ਪਰਗਟ ਹੁੰਦਾ ਹੈ ਅਤੇ ਸ਼ਬਦ ਦਵਾਰਾ ਆਪ ਜੀ ਦਾ ਜਸ ਗੌਂਦਾ ਹੈ ਜੀਓ । ਮੇਰੇ ਵਲੋਂ ਸਾਰਿਆਂ ਨੂੰ ਸਤਿ ਸ੍ਰੀ ਅਕਾਲ ਪਰਵਾਨ ਹੋਵੇ ਜੀ, ਬੱਚਿਆਂ ਨੂੰ ਪਿਆਰ ।

★ ★ ★ ★ ★

ਆਪ ਕਾ ਉਚ ਨੀਚ ਜ਼ਾਤੀ ਕਾ ਭੇਦ ਕਭੀ ਨਾ ਲਿਖਾ ਕਰੋ ਨਾਹੀ ਮੈਂ ਇਸ ਖਿਆਲ ਮੇਂ ਆਤਾ ਹੂੰ । ਜਿਸ ਕਾ ਹਿਰਦਾ ਕਵਲ ਹੈ, ਸਭ ਸੇ ਉਤਮ ਉਸ ਕੀ ਜ਼ਾਤਾ ਹੈ । ਕਿਉਂਕਿ ਹਰ ਇਕ ਇਨਸਾਨ ਕੇ ਚਾਰ ਵਰਣ ਹੈਂ :

ਜਬ ਭਗਵਾਨ ਕੋ ਯਾਦ ਕਰਤਾ ਹੈ ਤੋ ਬ੍ਰਹਮ ਹੈ ।
ਜਬ ਕੋਈ ਚੀਜ਼ ਖਰੀਦਤਾ ਹੈ ਤੋ ਖੱਤਰੀ ਹੈ ।
ਜਬ ਜ਼ਿਮੀਂਦਾਰੀ ਕਾ ਕਾਮ ਕਰਤਾ ਹੈ ਤੋਂ ਵੈਸ਼ਯ ਹੈ ।
ਜਬ ਟੱਟੀ ਬੈਠ ਕਰ ਆਪਣਾ ਆਪ ਸਾਫ ਕਰਤਾ ਹੈ ਤੋ ਸ਼ੂਦਰ ਹੋ ਜਾਤਾ ਹੈ ।

ਹਜ਼ੂਰ ਸੱਚੇ ਪਾਤਸ਼ਾਹ ਜੀ ਦੇ ਦਸਤਖ਼ਤ

★ ★ ★ ★ ★

★ ★ ★ ★ ★

(ਭਾਈਆ ਬਿਸ਼ਨ ਸਿੰਘ ਜੀ ਨੇ, ਪਾਤਸ਼ਾਹ ਜੀ ਕੋ ਪੱਤਰ ਮੇਂ ਲਿਖਾ ਕਿ ਹਜ਼ੂਰ ਪਾਤਸ਼ਾਹ ਜੀਓ ਹਮ ਤੋ ਸਿਫ਼ਰ ਹੈਂ, ਸਿਫ਼ਰ ਕੇ ਅੱਗੇ ਜਿਤਨੀਆਂ ਵੀ ਸਿਫ਼ਰਾਂ ਲਗਾਈਆਂ ਜਾਣ, ਉਨ ਕੀ ਕੋਈ ਕੀਮਤ ਨਹੀਂ ਹੋਤੀ ਜਬ ਤਕ ਬਾਈਂ ਤਰਫ਼ ਏਕਾ ਨਾ ਲਗਾਇਆ ਜਾਵੇ । ਆਪ ਜੀ ਕੇ ਬਗੈਰ ਹਮ ਸਭ ਸਿਫ਼ਰ ਹੈਂ । ਆਪ ਜੀ ਕੇ ਬਗੈਰ ਹਮਾਰੀ ਕੋਈ ਕੀਮਤ ਨਹੀਂ ।)

ਆਪ ਜੀ ਦਾ ਧੰਨਵਾਦੀ ਪੱਤਰ ਪੁਜਾ, ਬੜੀ ਖ਼ੁਸ਼ੀ ਹੈ ਜੀਓ । ਆਪ ਨੇ ਜੋ ਕੁਛ ਲਿਖਿਆ ਹੈ ਸਤਿ ਹੈ ਪਰੰਤੂ ਇਹ ਕੋਈ ਅਹਿਸਾਨ ਵਾਲੀ ਗਲ ਨਹੀਂ । ਸਿਰਫ਼ ਆਪ ਜੀ ਦਾ ਹੱਕ ਮਿਲ ਰਿਹਾ ਹੈ ਜੀਓ ਉਹ ਵੀ ਪੂਰਾ ਨਹੀਂ ਹੋਇਆ । ਪਤਾ ਨਹੀਂ ਆਪ ਨੇ ਕਿਤਨਾ ਜੁਗ ਪਰਵਾਨ ਕਰਜ਼ਾ ਚੜ੍ਹਾਇਆ ਹੈ ਜੀਓ । ਤੁਹਾਡੇ ਸੰਸਾਰ ਵਿਚ ਔਣ ਨਾਲ, ਆਪ ਨੂੰ ਆਪਣਾ ਸਰੂਪ ਬਦਲਣਾ ਪੈਂਦਾ ਹੈ ਜੀ ? ਜਗਤ ਦੀ ਮਰਯਾਦਾ ਦਾ ਮੁਢ ਆਪ ਹੀ ਹੋ ਜੀ । ਚਾਰ ਵਰਨਾਂ ਦਾ ਸਿਰਤਾਜ, ਸਚ ਦੀ ਸੂਰਤ ਦਾ ਸੱਚਾ ਸਰੂਪ ਗੋਬਿੰਦ ਨੇ ਆਪ ਤੋਂ ਪਰਗਟ ਕੀਤਾ ਤੇ ਆਪ ਦੇ ਅੱਗੇ ਹੋ ਕੇ ਭਿਖਿਆ ਮੰਗੀ, ਅੰਮ੍ਰਿਤ ਲਿਆ ਉਸ ਵਕਤ ਆਪ ਤੋਂ । ਅੰਮ੍ਰਿਤ ਖੱਬੇ ਹੱਥ ਨਾਲ ਲਿਆ ਸੀ ਕਿਉਂਕਿ ਸੱਜਾ ਹੱਥ ਤਲਵਾਰ ਵਾਸਤੇ ਸੀ ਖੱਬਾ ਬਖ਼ਸ਼ਿਸ਼ ਵਾਸਤੇ ਹੈ ਜੀਓ । ਅੱਜ ਸਮੇਂ ਦਾ ਉਲਟ ਸੱਜਾ ਹੱਥ ਸੱਜਣ ਨੂੰ ਮਿਲਣ ਵਾਸਤੇ, ਖੱਬਾ ਹੱਥ ਚਰਨ ਧੂੜ ਵਾਸਤੇ ਹੈ ਜੀ । ਜਿਸ ਸਮੇਂ ਵਾਸਤੇ ਆਪ ਨੂੰ ਸੰਗ ਰਖਿਆ ਹੈ ਉਹ ਸੰਸਾਰ ਦੀ ਸਤਿ ਧਰਮ ਦੀ ਨੀਂਹ ਕੀ ਮੈਂ ਲਿਖ ਸਕਦਾ ਹਾਂ ? ਆਪ ਜੀ ਦਾ ਪਿਆਰ ਕੇਸਗੜ੍ਹ ਦੀ ਤਿਖੀ ਧਾਰ ਵਿਚੋਂ ਪਰਗਟਾ ਕੇ ਭਗਵਤੀ ਭਗਵਤੀ ਦੇ ਨੇਤਰਾਂ ਵਿਚ ਖ਼ੂੰਨ ਦੀ ਧਾਰ ਦੇ ਥਾਂ ਅੰਮ੍ਰਿਤ ਬਰਸਾ ਦੇਂਦਾ ਹੈ । ਗੋਬਿੰਦ ਦੇ ਜਿਗਰ ਦਿਆਂ ਟੋਟਿਆਂ ਨਾਲੋਂ ਉਚਾ ਦਰਜਾ, ਪੰਚਮ ਦੇ ਰੰਗ ਨਾਲ ਰੰਗਿਆ ਹੈ । ਆਪ ਨੇ ਉਸ ਸਮੇਂ ਨੂੰ ਵੇਖਿਆ ਹੈ, ਹੁਣ ਪਤਾ ਨਹੀਂ, ਮਾਛੂਵਾੜੇ ਦੇ ਦਰਸ਼ਨ ਸਮੇਂ ਵਿਛੜੇ ਹੋਏ ਮਿਲਣਾ, ਉਸ ਸਮੇਂ ਦੀ ਹਿਰਦਿਕ ਚੋਟ, ਜੋ ਆਪ ਨੂੰ ਤਿਖਾ ਘਾਟ ਕਰਕੇ ਲੱਗੀ ਸੀ, ਆਪ ਨੇ ਵਿਛੋੜਾ ਨਾ ਝੱਲਣ ਵਾਸਤੇ ਬੇਨੰਤੀ ਕੀਤੀ ਸੀ । ਉਸ ਸਮੇਂ ਪਹਿਲੇ ਆਪ ਨੇ ਕੌਲ ਕੀਤਾ ਸੀ ਕਿ ਤੇਰਾ ਵਿਛੋੜਾ ਨਹੀਂ ਰਵੇਗਾ । ਤੇਰੇ ਵੈਰਾਗ ਵਿਚੋਂ ਪਰਗਟੀ ਧਾਰ, ਪੁਕਾਰ ਬਣ ਕੇ, ਆਪਣਾ ਹਾਲ ਦੱਸਣ ਵਾਸਤੇ ਅਕਾਲ ਪੁਰਖ ਪਾਸ ਗਈ ਸੀ ।

ਮਿੱਤਰ ਪਿਆਰੇ ਨੂੰ ਹਾਲ ਮੁਰੀਦਾਂ ਕਹਿਣਾ ਤੇਰੀ ਪੁਕਾਰ ਗੋਬਿੰਦ ਅੱਗੇ ਸੀ ਤੇ ਗੋਬਿੰਦ ਨਿਰੰਕਾਰ ਅੱਗੇ ਸੀ ਅਗਰ ਆਪ ਬੇਨੰਤੀ ਨਾ ਕਰਦੇ ਸ਼ੈਦ ਗੋਬਿੰਦ ਨੂੰ ਈਸ਼ਵਰ ਤਾਣਾ ਕੱਤਣ ਦੀ ਲੋੜ ਨਾ ਪੈਂਦੀ । ਇਸ ਵਿਚ ਕੋਈ ਮੈਂ ਨਹੀਂ ਕਰ ਰਿਹਾ, ਤੇਰਾ ਤੇਰੀ ਝੋਲੀ ਵਿਚ ਪਾ ਰਿਹਾਂ ਹਾਂ ਜੀਓ । ਦੇਹ ਕਰਕੇ ਪੱਗ ਹੋਰ ਕਿਉਂ ਨਾ ਕਿਸੇ ਨਾਲ ਵਟਾ ਲਈ ਏਥੋਂ ਅਗਲਾ ਲੇਖਾ ਲਿਖਣ ਲੱਗਿਆਂ ਦਿਲ ਉਛਲ ਆਇਆ ਹੈ । ਅੱਖਾਂ ਵਿਚੋਂ ਆਪ ਦੀ ਪਿਆਰ ਦੀ ਧਾਰ, ਸੋਮੇਂ ਬਣ ਕੇ ਫੁੱਟ ਪਈ, ਅੱਖੀਆਂ ਛਾਬਰ ਲਾ ਦਿਤੀ, ਕਲਮ ਨੇ ਚੀਖ ਚਿਹਾੜਾ ਪਾ ਦਿਤਾ । ਪ੍ਰੇਮ ਦਾ ਪ੍ਰੇਮ ਕੌਣ ਲਿਖ ਸਕਦਾ ਹੈ । ਕਿਉਂ ਸੋਹੰ ਨੂੰ ਮੁਖ ਰਖਿਆ ਮੈਂ ਆਪ ਜੀ ਦਾ ਲੇਖਾ ਕੀ

ਲਿਖਾਂ ਕਿਹ ਨਾ ਲਿਖਾਂ, ਕੋਟਨ ਕੋਟ ਬ੍ਰਹਮਾ ਚਾਰ ਮੁਖੀ ਗਾਇਣ ਤੇ ਫਿਰ ਵੀ ਸੋਭਾ ਨਹੀਂ ਹੋ ਸਕਦੀ, ਤੇਰਾ ਰੂਪ ਸਤਿ ਸਰੂਪ, ਸਰਬ ਨੂੰ ਪਿਆਰ ।

| | | |
|---|---|---|
| (੧) | ਅਕਾਲ ਪੁਰਖ | ਗੋਬਿੰਦ ਏਕਾ ਰੂਪ |
| (੨) | ਗੋਬਿੰਦ | ਪੰਜ ਪਿਆਰਾ |
| (੩) | ਪੰਚਮ ਪਿਆਰਾ | ਸੰਗਤ ਅਧਾਰ |

★ ★ ★ ★ ★

ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ

ਸਾਧ ਸੰਗਤ ਜੀਓ

ਪੂਰਬ ਵਿਚਾਰ ਪੜ੍ਹਿਆ ।

ਗੁਰ ਸੰਗਤ ਜੀਓ, ਆਪ ਜੀ ਦੀ ਸ਼ੁਧ ਆਸ਼ਾ ਅਤੇ ਪ੍ਰੇਮ ਭਾਵਨਾ ਆਤਮ ਅਧਾਰ ਜਨਮ ਸੁਧਾਰ ਸਰਬ ਪਰਵਾਰ ਨੂੰ ਸਾਰਿੰਗਧਰ ਭਗਵਾਨ ਕ੍ਰਿਸ਼ਨ ਜੀ ਦੇ ਅਵਤਾਰ ਮਾਹ ਦੀ ਵਧਾਈ ਹੋਵੇ । ਇਹ ਸ਼ੁਧ ਖਿਆਲ ਸਾਧ ਸੰਗਤ ਦੂਈ ਅਤੇ ਦਵੈਤ ਨੂੰ ਦੂਰ ਕਰਦਾ ਹੈ ਜੀ । ਸਾਡੇ ਨਿਯਮ ਹੁਕਮ ਅਨੁਸਾਰ ਸਰਬ ਸੰਗਤ ਏਕਤਾ ਦੀ ਰੰਗਣ ਵਿਚ ਹੋਣੀ ਚਾਹੀਦੀ ਹੈ । ਹਿੰਦੂ ਸਿੱਖ ਸਰਬ ਕਰਤਾ ਖੇਲ ਹੈ । ਅੰਤਮ ਭਗਤ ਜਨ ਜੋਤੀ ਮੇਲ ਹੈ ਜੀ । ਆਪ ਨੇ ਇਸ ਮਰਯਾਦਾ ਨੂੰ ਪੂਰਨ ਕਰਨ ਵਾਸਤੇ ਅਤੇ ਪ੍ਰੇਮ ਸਾਗਰ ਦਾ ਉਛਾਲ ਦੇ ਕੇ ਮਨਮੁਖਾਂ ਦੀ ਦਵੈਤੀ ਕੰਧ ਨੂੰ ਢਾਉਣਾ ਹੈ । ਸਰਬ ਵਰਨ ਨੂੰ ਇਕ ਦੇ ਨਾਲ ਮਿਲਣ ਦਾ ਰਾਹ ਵਿਖੌਣਾ ਹੈ ਜੀ । ਇਕ ਦੂਜੇ ਦਾ ਸੱਚਾ ਸੰਗ ਨਿਭਾਉਣਾ ਹੈ ਜੀ । ਮੈਂ ਵੀ ਆਪ ਜੈਸੀ ਉਜਲ ਸੰਗਤ ਦਾ ਸੇਵਾਦਾਰ ਜੁਗਾਂ ਪਰਵਾਨ ਆਇਆ ਹਾਂ ਜੀ । ਗੁਰਸਿਖ ਨੂੰ ਅੱਠੇ ਪਹਿਰ ਦੇ ਦਰਸ ਹਿਰਦਕ ਵਾਸ ਅਤੇ ਹਰ ਸਮੇਂ ਨਿਰਮਾਨਤਾ ਗਰੀਬੀ ਹਲੀਮੀ ਮਿਲਣਸਾਰੀ ਚਾਹੀਦੀ ਹੈ ਜੀ । ਅਤੇ ਗੁਰਸਿਖ ਜੀਓ ਸਾਧ ਸੰਗਤ ਦੀ ਸੇਵਾ ਕਰਕੇ, ਨੇਤਰਾਂ ਨਾਲ ਦਰਸ਼ਨ ਕਰਕੇ, ਮਨ ਦੀ ਦੁਬਿਧਾ ਮੈਲ ਵਿਕਾਰ ਹੰਕਾਰ ਆਪਣੇ ਆਪ ਨਸ਼ਟ ਹੋ ਜਾਂਦਾ ਹੈ । ਸਾਧ ਸੰਗਤ ਦੇ ਦਰਸ਼ਨ ਕਰਨ ਨਾਲ ਸੌ ਜਨਮ ਦਾ ਪਾਪ ਕਲਜੁਗ ਵਿਚ ਉਤਰ ਜਾਂਦਾ ਹੈ ਜੀ । ਕਿਉਂਕਿ ਸਾਧ ਸੰਗਤ ਦੇ ਸੁੰਦਰ ਮੁਖ ਅਤੇ ਪਵਿਤਰ ਰਸਨਾ ਵਿਚ ਸੱਚੇ ਸਾਹਿਬ ਦੇ ਅਨਮੁਲੜੇ ਸ਼ਬਦ ਨਿਕਲਦੇ ਹਨ ਜੀ । ਅਤੇ ਜੋ ਗੁਰਮੁਖ ਗੁਰਸਿਖ ਗੁਰਮਤ ਅਨੁਸਾਰ ਵਿਹਾਰ ਕਰਦਾ ਹੈ, ਗੁਰਮੁਖ ਹੋ ਜਾਂਦਾ ਹੈ । ਉਸ ਵਿਚੋਂ ਸਰਬ ਵਿਕਾਰੀ ਹੰਕਾਰੀ ਤੱਤ ਨਸ਼ਟ ਹੋ ਜਾਂਦੇ ਹਨ ਜੀ ਅਤੇ ਮਾਣ ਤਾਣ ਇਕ ਭਗਵਾਨ ਦਾ ਹੁੰਦਾ ਹੈ ਜੀ । ਮੈਂ ਕਦੇ ਵੀ ਕਿਸੇ ਨਾਲ ਨਾਰਾਜ਼ ਨਹੀਂ ਹੁੰਦਾ ਨਾ ਹੋਣਾ ਹੈ ਜੀ । ਮੇਰੇ ਵਲੋਂ ਸਾਰੀ ਸੰਗਤ ਨੂੰ ਸਤਿ ਸ੍ਰੀ ਅਕਾਲ ।

ਸੱਚੇ ਪਾਤਸ਼ਾਹ ਜੀ

★ ★ ★ ★ ★

★ ★ ★ ★ ★

## ★ ਹਜ਼ੂਰ ਸ਼ਹਿਨਸ਼ਾਹ ਜੀ ਵਲੋਂ ਪੱਤਰਾਂ ਦੇ ਉਤਰ ★

੨੫-੭-੧੯੫੩

ਜਿਸ ਜੀਵ ਨੂੰ ਭਾਣਾ ਮੰਨਣ ਦੀ ਤਾਕਤ ਹੋਵੇ, ਅਤੇ ਪਰਮਾਤਮ ਦੇ ਸਵਾਂਗ ਨੂੰ ਵੇਖ ਕੇ ਡੋਲੇ ਨਾ ਅਤੇ ਜਗਤ ਦੇ ਤਾਹਨੇ ਮੇਹਣੇ ਨੂੰ ਸਤ ਕਰ ਮੰਨੇ ਆਪਣੇ ਪ੍ਰੀਤਮ ਦੇ ਪਿਆਰ ਦੀ ਧਾਰ ਦੇ ਵੈਰਾਗ ਵਿਚ ਕਮਲੇ ਰਮਲੇ ਤੇ ਝੱਲੇ ਹੋ ਜਾਈਏ, ਫੇਰ ਵੀ ਧੰਨ ਧੰਨ ਹੈ ਗੁਰਸਿਖ, ਏਹ ਗੁਰਸਿਖੀ ਦੀ ਧਾਰ ਹੈ । ਆਤਮਾ ਦੇ ਰਸ ਨਾਲ ਜੀਵ ਬੇਬਸ ਹੋ ਜਾਂਦਾ ਹੈ । ਗੁਰਸਿਖ ਦਾ ਹਿਰਦਾ ਪਰਬਤ ਦੀ ਨਿਆਂਈ ਹੋਣਾ ਚਾਹੀਦਾ ਹੈ । ਸ੍ਰਿਸ਼ਟ ਡੋਲ ਜਾਵੇ ਪਰ ਗੁਰਸਿਖ ਨਾ ਡੋਲੇ, ਦੁੱਖ ਨੂੰ ਸੁੱਖ ਜਾਣੇ, ਅਤੇ ਇਹ ਹੀ ਸਮਝੇ ਤੇਰਾ ਕੀਤਾ ਮੈਂ ਜਾਤੋ ਨਾਹੀ ਮੈਂ ਤਨ ਜੋਗ ਦੀ ਤੋਈ ।

ਹਜ਼ੂਰ ਸੱਚੇ ਪਾਤਸ਼ਾਹ ਜੀ ਦੇ ਦਸਤਖ਼ਤ

★ ★ ★ ★ ★

੩੧-੮-੧੯੫੩

ਜੋ ਕੁਛ ਹੈ ਬਹ ਆਪਨੇ ਆਪ ਮੇਂ ਹੀ ਹੈ ਔਰ ਆਪਣੀ ਆਤਮਾ ਕੀ ਆਵਾਜ਼ ਸੇ ਭੀ ਸਭ ਕੁਛ ਸਮਝ ਮੇਂ ਆ ਸਕਤਾ ਹੈ । ਔਰ ਗੁਰਮੁਖ ਕੋ ਸ਼ਬਦ ਅਧਾਰ, ਅਤੇ ਗੁਰ ਚਰਨ ਦਾ ਪਿਆਰ ਹੋਣਾ ਚਾਹੀਦਾ ਹੈ । ਔਰ ਫਿਰ ਜਿਸ ਜਗ੍ਹਾ ਭੀ ਹੈ, ਨਾਮ ਖੁਮਾਰੀ ਚੜ੍ਹੀ ਰਹਿਤੀ ਹੈ । ਆਪ ਸਭ ਕੁਛ ਜਾਨਤੇ ਹੋ ਔਰ ਮੁਝੇ ਆਪ ਜੈਸੇ ਪ੍ਰੇਮੀ ਸੱਜਣਾ ਨਾਲ ਮਿਲ ਕੇ ਬੜੀ ਖ਼ੁਸ਼ੀ ਰੈਹਤੀ ਹੈ ।

ਹਜ਼ੂਰ ਸੱਚੇ ਪਾਤਸ਼ਾਹ ਜੀ ਦੇ ਦਸਤਖ਼ਤ

★ ★ ★ ★ ★

੨੪-੫-੧੯੫੪

ਬਾਕੀ ਸੁਰਤ ਸ਼ਬਦ ਮੇਲ ਆਪ ਕਾ ਯਹੀ ਹੈ ਜੋ ਆਪ ਕੋ ਮਿਲ ਚੁਕਾ ਹੈ । ਕਿਉਂਕਿ ਪ੍ਰਭ ਚਰਨ ਧਿਆਨ ਕਰਨੇ ਸੇ ਸ਼ਬਦ ਕੀ ਧਾਰ ਬੱਝ ਜਾਤੀ ਹੈ ਔਰ ਰਸਨਾ ਗੌਂਦੀ ਹੈ ਜੀ । ਔਰ ਹਰ ਵਕਤ ਪਾਤਸ਼ਾਹ ਕਾ ਹਿਰਦੇ ਮੇਂ ਖਿਆਲ ਔਰ ਡਰ ਰਹਿਤਾ ਹੈ । ਔਰ ਜਿਸ ਜੀਵ ਕੋ ਦਰਸ਼ਨ ਹੋਤੇ ਹੈ ਉਸ ਕਾ ਦਸਮ ਦਵਾਰ ਖੁਲ੍ਹਾ ਹੋਤਾ ਹੈ । ਜਬ ਤੱਕ ਯਹ ਦਵਾਰ ਨਾ

ਖੁਲ੍ਹੇ, ਉਸ ਵਕਤ ਤੱਕ ਦਰਸ਼ਨ ਨਹੀਂ ਹੋਤੇ ਕਿਉਂਕਿ ਪਰਮਾਤਮਾ ਕੇ ਅੰਦਰ ਆਣੇ ਔਰ ਜਾਣੇ ਕਾ ਰਾਸਤਾ ਯਹੀ ਹੈ । ਸ਼ਬਦ ਕੀ ਧੁੰਨ ਸੁਣਾਨੇ ਕਾ ਭੀ ਯਹੀ ਤਰੀਕਾ ਹੈ ।

ਹਜ਼ੂਰ ਸੱਚੇ ਪਾਤਸ਼ਾਹ ਜੀ ਦੇ ਦਸਤਖ਼ਤ

★ ★ ★ ★ ★

੧੫-੪-੧੯੫੭

ਆਪ ਜੀ ਦੀ ਮਨੋ ਕਾਮਨਾ ਸ਼ਬਦ ਧਾਰਾ ਨਾਲ ਪੂਰਨ ਹੋਵੇਗੀ ਜੀ । ਸੱਚੀ ਹੱਟੀ ਚੋਂ ਸਚ ਵਣਜ ਹੋ ਜਾਵੇਗਾ ਜੀਓ ।

ਅੰਮ੍ਰਿਤ ਆਤਮ ਬਜਰ ਕਪਾਟ ਅਕਾਸ਼ ਪਰਕਾਸ਼ ਸ਼ਬਦ ਧੁੰਨ ਆਤਮ ਸੁੰਨ ਅਗਾਧ ਬੋਧ ਆਪ ਜੀ ਦੀ ਆਪਣੀ ਸਫ਼ਲਤਾ ਦੀ ਪ੍ਰਾਪਤੀ ਹੈ ਜੀ । ਜ਼ਰੂਰ ਭਾਵਨਾ ਪੂਰੀ ਹੋਵੇਗੀ ਜੀਓ । ਪੱਤ੍ਰਕਾ ਸੰਭਾਲ ਕੇ ਰੱਖ ਲਈ ਹੈ ਜੀ ।

ਹਜ਼ੂਰ ਸੱਚੇ ਪਾਤਸ਼ਾਹ ਜੀ ਦੇ ਦਸਤਖ਼ਤ

★ ★ ★ ★ ★

੧੯-੭-੧੯੫੪

ਜਿਸ ਜਗ੍ਹਾ ਪਰ ਪਾਤਸ਼ਾਹ ਕਾ ਫੋਟੋ ਹੈ ਪਲੰਘ ਪਰ ਉਸ ਕੇ ਉਪਰ ਕੋਈ ਮਸਾਤਾਨਾ ਨਹੀਂ ਚੜ੍ਹੇਗਾ । ਕਿਉਂਕਿ ਜਿਸ ਕੇ ਉਪਰ ਫੋਟੋ ਹੈ ਉਸ ਦੇ ਉਪਰ ਇਸ ਵਕਤ ਸਿਰਫ਼ ਏਕ ਪੂਰਨ ਸਿੰਘ ਕਾ ਸਰੀਰ ਲੇਕਰ ਹਮ ਚੜ੍ਹੇਂਗੇ ਦੂਸਰਾ ਕੋਈ ਨਹੀਂ ਚੜ੍ਹੇਗਾ । ਔਰ ਜੋ ਬਚਨ ਭੀ ਲਖਾਏ ਜਾਵੇਂ ਵੇ ਨੀਚੇ ਬੈਠ ਕਰ । ਅਗਰ ਮਸਤਾਨੇ ਨੇ ਪਲੰਘ ਪਰ ਚੜ੍ਹਨਾ ਹੋਵੇ ਤੋ ਦੂਸਰੇ ਮੰਜੇ ਉਪਰ ਬੈਠ ਸਕਤੇ ਹੈਂ, ਪਾਤਸ਼ਾਹ ਕੇ ਨਾਮ ਪਰ ਲਗੇ ਹੂਏ ਪਲੰਘ ਪਰ ਨਹੀਂ । ਯਹ ਹੁਕਮਨਾਮੇ ਮੈਂ ਸਾਰੀ ਸੰਗਤ ਕੋ ਭੇਜ ਰਹਾ ਹੂੰ ਤਾਕਿ ਕੋਈ ਗਲਤੀ ਨਾ ਕਰੇ । ਕਿਉਂਕਿ ਯਹ ੨੭ (ਸਤਾਈ) ਸਾਲ ਤੱਕ ਐਸਾ ਚਲੇਗਾ । ਬਾਕੀ ਜੋੜ ਮੇਲਾ ਏਕ ਰਾਏ ਕਰ ਕੇ ਮਨਾਇਆ ਜਾਵੇ ਕਿਉਂਕਿ ਅਗਰ ਕੋਈ ਆਦਮੀ ਆਇਆ ਹੋਵੇ ਤੋ ਉਸ ਕੋ ਭੀ ਬੁਰਾ ਨਾ ਲਗੇ । ਯਹ ਮਸ਼ਵਰਾ ਪਹਿਲੇ ਸੇ ਕਿਆ ਜਾਵੇ, ਭੋਗ ਪਾਤਸ਼ਾਹ ਕੇ ਫੋਟੋ ਕੋ ਲਗਾਇਆ ਜਾਵੇ ਕਿਸੀ ਆਦਮੀ ਕੋ ਨਹੀਂ ।

ਹਜ਼ੂਰ ਸੱਚੇ ਪਾਤਸ਼ਾਹ ਜੀ ਦੇ ਦਸਤਖ਼ਤ

★ ★ ★ ★ ★